ਵੱਲੋਂ,

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਐਸ.ਏ. ਐਸ.ਨਗਰ।

22/02/2023
135

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ)
ਕਲੱਸਟਰ ਹੈੱਡ/ਸਕੂਲ ਮੁੱਖੀ

..............................................................

ਨੰ: ਪਸਸਬ-(ਸ.ਸ. ਗੁਪਤ)2023/......135...................... ਮਿਤੀ ਐਸ.ਏ.ਐਸ ਨਗਰ....22/02/2023

**ਵਿਸ਼ਾ : ਪੰਜਵੀਂ ਸ਼੍ਰੇਣੀ ਫਰਵਰੀ 2023 ਦੀਆਂ ਉੱਤਰ-ਪੱਤਰੀਆਂ ਦੀ ਮਾਰਕਿੰਗ ਕਰਵਾਉਣ ਲਈ ਹਦਾਇਤਾਂ ਸਬੰਧੀ।**

1. ਉੱਤਰ-ਪੱਤਰੀਆਂ ਦੀ ਮਾਰਕਿੰਗ ਸਰਕਾਰੀ, ਏਡਿਡ ਅਤੇ ਐਫੀਲੀਏਟਿਡ ਸਕੂਲਾਂ ਦੇ ਰੈਗੂਲਰ ਅਧਿਆਪਕਾਂ ਪਾਸੋ ਕਰਵਾਈ ਜਾਵੇ। ਉੱਤਰ-ਪੱਤਰੀਆਂ ਮਾਰਕ ਕਰਨ ਵਾਲੇ ਸਾਰੇ ਅਧਿਆਪਕ ਸਬੰਧਤ ਸਕੂਲਾਂ ਵੱਲੋਂ ਡਿਊਟੀ ਤੇ ਸਮਝੇ ਜਾਣਗੇ। ਜਿਸ ਸਕੂਲ ਵਿੱਚ ਮਾਰਕਿੰਗ ਸਬੰਧੀ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਆਪਣੇ ਪੱਧਰ ਤੇ ਬਦਲਵਾਂ ਪ੍ਰਬੰਧ ਕਰਨਗੇ। ਜੇਕਰ ਕੋਈ ਅਧਿਆਪਕ ਬਿਮਾਰੀ ਦੀ ਹਾਲਤ ਵਿੱਚ ਡਿਊਟੀ ਨਹੀ ਦੇ ਸਕਦਾ ਤਾਂ ਉਸ ਸਬੰਧੀ ਘੱਟੋ-ਘੱਟ ਸੀ.ਐਮ.ਓ ਪੱਧਰ ਦਾ ਮੈਡੀਕਲ ਸਰਟੀਫਿਕੇਟ ਮੰਨਿਆ ਜਾਵੇਗਾ।
2. ਪੰਜਵੀਂ ਸ਼੍ਰੇਣੀ ਦੇ ਸੈਲਫ ਸੈਂਟਰ ਬਣਾਏ ਗਏ ਹਨ। ਜਿਹਨਾਂ ਵਿੱਚ ਸਟਾਫ ਨੂੰ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ)/ਕਲੱਸਟਰ ਹੈੱਡ ਵੱਲੋਂ Shuffle ਕਰਕੇ ਭਾਵ ਏ ਤੋਂ ਬੀ, ਬੀ ਤੋਂ ਸੀ ਅਤੇ ਸੀ ਤੋਂ ਏ ਕਰਕੇ ਲਗਾਇਆ ਜਾਵੇਗਾ। ਮਾਰਕਿੰਗ ਦਾ ਸਮੁੱਚਾ ਕੰਮ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਦੀ ਨਿਗਰਾਨੀ ਹੇਠ ਨੇਪਰੇ ਚੜ੍ਹਾਇਆ ਜਾਵੇਗਾ। ਇਹ ਸਟਾਫ ਹੀ ਆਪਣੇ ਆਪਣੇ ਕੇਂਦਰ ਦੀਆ ਉੱਤਰ-ਪੱਤਰੀਆਂ ਸਕੂਲ ਲਾਗਇੰਨ ਆਈ. ਡੀ ਤੇ ਅਪਲੋਡ ਕਰੇਗਾ। ਹਸਤਾਖਰ ਚਾਰਟ ਕੇਂਦਰ ਪੱਧਰ ਤੇ ਰੱਖੇ ਜਾਣ ਅਤੇ absentee ਸਕੂਲ login ID ਤੇ ਅਪਲੋਡ ਕੀਤੀ ਜਾਵੇ।
3. ਉੱਤਰ-ਪੱਤਰੀਆਂ ਦੀ ਮਾਰਕਿੰਗ ਲਈ ਕੋਈ ਵਾਧੂ ਅਦਾਇਗੀ ਨਹੀਂ ਕੀਤੀ ਜਾਵੇਗੀ। ਮਾਰਕਿੰਗ ਦਾ ਕਾਰਜ਼ ਅਧਿਆਪਕਾਂ ਅਤੇ ਕਰਮਚਾਰੀਆਂ ਵੱਲੋਂ ਆਪਣੀ ਮੁੱਢਲੀ ਡਿਊਟੀ ਸਮਝ ਕੇ ਕੀਤਾ ਜਾਵੇ।
4. ਪ੍ਰੀਖਿਅਕ ਉੱਤਰ-ਪੱਤਰੀਆਂ ਤੇ ਪੂਰੇ ਹਸਤਾਖਰ ਕਰਨਗੇ ਅਤੇ ਬਚਦੇ ਖਾਲੀ ਪੰਨ੍ਹਿਆਂ ਤੇ(X) ਕਰਾਸ ਦਾ ਨਿਸ਼ਾਨ ਲਗਾਉਣਗੇ।
5. ਪੰਜਵੀਂ ਸ਼੍ਰੇਣੀ ਦੀ ਲਿਖਤੀ ਪ੍ਰੀਖਿਆਵਾਂ ਦੇ ਵਿਸ਼ੇਵਾਰ ਅੰਕ ਸਕੂਲ ਲਾਗਇੰਨ ਆਈ. ਡੀ. ਤੇ ਅਪਲੋਡ ਕੀਤੇ ਜਾਣ।
6. ਸਕੂਲ ਲਾਗਇੰਨ ਆਈ.ਡੀ.ਤੇ ਮਾਰਕ ਕੀਤੀਆਂ ਉੱਤਰ-ਪੱਤਰੀਆਂ ਦੇ ਅਪਲੋਡ ਕੀਤੇ ਅੰਕਾਂ ਦੇ ਸਮੁੱਚੇ ਰਿਕਾਰਡ ਦੀ ਪੀ.ਡੀ.ਐੱਫ.ਫਾਇਲ ਜਾਂ ਹਾਰਡ ਕਾਪੀ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਵੱਲੋਂ ਆਪਣੇ ਪੱਧਰ ਤੇ ਰੱਖੀ ਜਾਵੇ। ਮਾਰਕਿੰਗ ਸਬੰਧੀ ਜੇਕਰ ਕੋਈ ਮੁਸ਼ਕਿਲ ਪੇਸ਼ ਆਉਦੀ ਹੈ ਤਾਂ ਉਸ ਨੂੰ e-mail (secrecypseb@gmail.com)ਰਾਹੀਂ ਸੂਚਿਤ ਕੀਤਾ ਜਾਵੇ ਤਾਂ ਕਿ ਇਸ ਦਾ ਨਿਪਟਾਰਾ ਕੀਤਾ ਜਾਵੇਗਾ।
7. ਪੰਜਵੀਂ ਸ਼੍ਰੇਣੀ ਦੇ ਜੇਕਰ ਕਿਸੇ ਸੈਂਟਰ ਵਿੱਚ ਜਿਆਦਾ ਪ੍ਰੀਖਿਆਰਥੀ ਅਪੀਅਰ ਹੋ ਰਹੇ ਹੋਣ ਜਾਂ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ)ਦੇ ਸਹਿਯੋਗ ਨਾਲ ਕਲੱਸਟਰ ਹੈੱਡ ਟੀਚਰ ਆਪਣੇ ਪੱਧਰ ਤੇ ਹੀ ਢੁੱਕਵਾਂ ਪ੍ਰਬੰਧ ਕਰੇਗਾ।
8. ਪੰਜਵੀ ਸ਼੍ਰੇਣੀ ਦੀਆਂ ਹੱਲ ਹੋਈਆਂ ਉੱਤਰ-ਪੱਤਰੀਆਂ ਅਤੇ ਹਸਤਾਖਰ ਚਾਰਟ ਵੱਖਰੇ ਤੌਰ ਤੇ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਵੱਲੋਂ ਆਪਣੇ ਪੱਧਰ ਤੇ ਹੀ ਰੱਖੀਆਂ ਜਾਣ ਤਾਂ ਜੋ ਇਹਨਾਂ ਦੇ ਅੰਕਾਂ ਦੀ ਤਰੁੱਟੀ/ਰੀਚੈਕਿੰਗ /ਆਰ.ਟੀ.ਆਈ ਜਾਂ ਕਿਸੇ ਹੋਰ ਕਾਰਨ ਕਰਕੇ ਜੇਕਰ ਦਫਤਰ ਉੱਤਰ-ਪੱਤਰੀਆਂ ਦੀ ਲੋੜ ਪੈਂਦੀ ਹੈ ਤਾਂ ਇਹਨਾਂ ਉੱਤਰ-ਪੱਤਰੀਆਂ ਨੂੰ ਮੰਗਵਾਇਆ ਜਾ ਸਕੇ। ਇਹਨਾਂ ਉੱਤਰ-ਪੱਤਰੀਆਂ ਨੂੰ ਦਫਤਰ ਵੱਲੋਂ ਰੱਦੀ ਕਰਾਰ ਦੇਣ ਉਪਰੰਤ ਉੱਤਰ-ਪੱਤਰੀਆਂ ਇਕੱਤਰ ਕਰਨ ਦੀ ਜਗਾ ਦੱਸੀ ਜਾਵੇਗੀ।
9. ਪੰਜਵੀਂ ਸ਼੍ਰੇਣੀ ਦੇ ਵਿਲੱਖਣ ਸਮਰੱਥਾ ਵਾਲੇ ਸਮੂਹ ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਪਹਿਲਾਂ ਚੱਲ ਰਹੀਂ ਪ੍ਰਥਾ ਅਨੁਸਾਰ ਬੋਰਡ ਪ੍ਰੀਖਿਆ ਤੋਂ ਛੋਟ ਦਿੱਤੀ ਗਈ ਹੈ। ਜਿਸ ਦੀ ਲੋਅ ਵਿੱਚ ਇਹਨਾਂ ਪ੍ਰੀਖਿਆਰਥੀਆਂ ਦੀ ਸਲਾਨਾ ਪ੍ਰੀਖਿਆ ਸਕੂਲ ਪੱਧਰ ਤੇ ਲਈ ਜਾਵੇਗੀ। ਸਬੰਧਤ ਸਕੂਲ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਵਿਸ਼ਾਵਾਰ ਪ੍ਰਾਪਤ ਅੰਕਾਂ ਨੂੰ ਸਕੂਲ ਲੋਗਇੰਨ ਆਈ ਡੀ ਵਿੱਚ ਆਨ ਲਾਇਨ ਐਂਟਰ ਕੀਤਾ ਜਾਵੇਗਾ।

22.2.2023
ਸਹਾਇਕ ਸਕੱਤਰ (ਗੁਪਤ ਸ਼ਾਖਾ)

ਵਾਸਤੇ ਸਕੱਤਰ

22.2.23 22/2/2023